# ਯਿਸੂ ਘਰਾਂ ਵਿੱਚ ਅਕਸਰ ਫੇਰੀ ਪਾਉਂਦਾ ਹੈ

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ, ਉਨ੍ਹਾਂ ਨੂੰ V2b ਬੱਚਿਆਂ ਦੇ ਅਧਿਐਨ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

**ਪ੍ਰਾਰਥਨਾ:** ''ਪਿਆਰੇ ਪ੍ਰਭੂ, ਤੂੰ ਸਾਡੇ ਵਿਚਕਾਰ ਵਾਸ ਕਰਨ ਅਤੇ ਸਾਡੇ ਘਰਾਂ ਵਿੱਚ ਫੇਰੀ ਪਾਉਣ ਆਇਆ ਸੀ। ਉਸੇ ਤਰ੍ਹਾਂ ਤੂੰ ਸਾਨੂੰ ਆਪਣਾ ਪਿਆਰ ਵਿਖਾਇਆ ਅਤੇ ਸਾਡੇ ਲਈ ਸ਼ਕਤੀ ਲਿਆਂਦੀ। ਬਹੁਤ ਸਾਰੇ ਲੋਕਾਂ ਨੇ ਤੈਨੂੰ ਪਛਾਣਿਆਂ ਨਹੀਂ ਜਾਂ ਕਬੂਲ ਨਹੀਂ ਕੀਤਾ। ਤੂੰ ਕੌਣ ਹੈ? ਇਸ ਪ੍ਰਤੀ ਸਾਡੀਆਂ ਅੱਖਾਂ ਨੂੰ ਖੋਲ੍ਹਣ ਲਈ ਤੇਰਾ ਧੰਨਵਾਦ। ਸਾਨੂੰ ਤੇਰੀ ਖੁਸ਼ਖਬਰੀ ਨੂੰ ਦੂਜੇ ਲੋਕਾਂ ਦੇ ਘਰਾਂ ਤੱਕ, ਜਿਨ੍ਹਾਂ ਨੂੰ ਤੇਰੀ ਲੋੜ ਹੈ, ਲੈ ਕੇ ਜਾਣ ਵਿੱਚ ਮਦਦ ਕਰ।''

**1. ਯਿਸੂ ਦੀ ਉਦਾਹਰਣ ਦਾ ਅਧਿਐਨ ਕਰਕੇ ਅਤੇ ਪ੍ਰਾਰਥਨਾ ਦੁਆਰਾ ਆਪਣੇ ਮਨ ਨੂੰ ਤਿਆਰ ਕਰੋ**

**ਲੂਕਾ 19:1-10** ਵਿੱਚ ਲੱਭੋ ਕਿਵੇਂ ਜੱਕੀ ਅਤੇ ਉਸਦੇ ਪਰਿਵਾਰ ਕੋਲ ਮੁਕਤੀ ਆਈ। (ਉੱਤਰ ਵੀ ਅੱਗੇ ਦਿੱਤੇ ਹਨ।)

- ਕਿਵੇਂ ਜੱਕੀ, ਯਿਸੂ ਅਤੇ ਉਸਦੇ ਸੰਦੇਸ਼ ਵਿੱਚ ਦਿਲਚਸਪੀ ਵਿਖਾਉਦਾ ਹੈ? *(ਆਇਤ 3 ਵੇਖੋ।)*
- ਕਿਵੇਂ ਯਿਸੂ ਜੱਕੀ ਨੂੰ ਪਿਆਰ ਅਤੇ ਮਾਫ਼ੀ ਵਿਖਾਉਂਦਾ ਹੈ? *(ਆਇਤ 5 ਵੇਖੋ।)*
- ਕਿਵੇਂ ਹਰ ਕੋਈ ਉਨ੍ਹਾਂ ਵਚਨਾਂ ਤੋਂ ਹੈਰਾਨ ਸੀ, ਜੋ ਯਿਸੂ ਨੇ ਜੱਕੀ ਨੂੰ ਬੋਲੇ? *(ਆਇਤ 7 ਵੇਖੋ।)*
- ਕਿਵੇਂ ਜੱਕੀ ਆਪਣੀ ਤੋਬਾ ਅਤੇ ਆਪਣਾ ਧੰਨਵਾਦ ਵਿਖਾਉਂਦਾ ਹੈ? *(ਆਇਤ 8 ਵੇਖੋ।)*
- ਕਿਉਂ ਯਿਸੂ ਨੇ ਜੱਕੀ ਨੂੰ ਉਸਦੇ ਘਰ ਜਾਣ ਲਈ ਕਿਹਾ? *(ਆਇਤ 10 ਵੇਖੋ।)*

ਰਸੂਲਾਂ ਦੇ ਕਰਤੱਬ **10** ਅਧਿਆਏ ਵਿੱਚ ਲੱਭੋ ਕਿਵੇਂ ਕੁਰਨੇਲਿਯੁਸ, ਉਸਦੇ ਪਰਿਵਾਰ ਅਤੇ ਉਸਦੇ ਬਹੁਤ ਸਾਰੇ ਮਿੱਤਰਾਂ ਕੋਲ ਮੁਕਤੀ ਆਈ?

- ਕਿਵੇਂ ਪਰਮੇਸ਼ੁਰ ਨੇ ਪਤਰਸ ਨੂੰ ਉਨ੍ਹਾਂ ਲੋਕਾਂ ਕੋਲ ਜਾਣ ਲਈ ਤਿਆਰ ਕੀਤਾ, ਜਿਹੜੇ ਯਹੂਦੀ ਰਸਮਾਂ ਨੂੰ ਨਹੀਂ ਮੰਨਦੇ ਸਨ? *(ਆਇਤਾਂ 9-16 ਵੇਖੋ।)*
- ਕੁਰਨੇਲਿਯੁਸ ਕੋਲ ਜਾਣ ਲਈ ਪਤਰਸ ਨਾਲ ਕੌਣ ਗਿਆ? *(ਆਇਤ 23 ਵੇਖੋ।)*
- ਕੁਰਨੇਲਿਯੁਸ ਦੇ ਘਰ ਵਿੱਚ ਕੌਣ ਪਤਰਸ ਦੀ ਉਡੀਕ ਕਰ ਰਿਹਾ ਸੀ? *(ਆਇਤ 24 ਵੇਖੋ।)*
- ਪਤਰਸ ਨੇ ਆਪਣਾ ਸੰਦੇਸ਼ ਦੇਣਾ ਸ਼ੁਰੂ ਕਰਨ ਤੋਂ ਪਹਿਲਾਂ ਕੀ ਕੀਤਾ? *(ਆਇਤ 29 ਵੇਖੋ।)*
- ਕਿਹੜੀਆਂ ਕੁਝ ਗੱਲਾਂ ਸਨ ਜੋ ਪਤਰਸ ਨੇ ਯਿਸੂ ਬਾਰੇ ਕਹੀਆਂ? *(ਆਇਤਾਂ 38-43 ਵੇਖੋ।)*
- ਕੁਰਨੇਲਿਯੁਸ ਨੇ ਆਪਣੇ ਮਿੱਤਰਾਂ ਅਤੇ ਪਰਿਵਾਰ ਨਾਲ ਮਿਲਕੇ ਕਿਵੇਂ ਇੰਨੀ ਛੇਤੀ ਬਪਤਿਸਮਾ ਲੈ ਲਿਆ? *(ਆਇਤਾਂ 47 ਅਤੇ 48 ਵੇਖੋ।)*
- ਨਵੇਂ ਵਿਸ਼ਵਾਸੀਆਂ ਨੂੰ ਬਪਤਿਸਮਾ ਦੇਣ ਤੋਂ ਬਾਅਦ, ਯਾੱਪਾ ਦੇ ਪਤਰਸ ਅਤੇ ਉਸਦੇ ਸਹਾਇਕਾਂ ਨੇ ਕੀ ਕੀਤਾ? *(ਆਇਤ 48 ਵੇਖੋ।)*

ਰਸੂਲਾਂ ਦੇ ਕਰਤੱਬ **9:32-43** ਵਿੱਚ ਘਰਾਂ ਵਿੱਚ ਜਾਣ ਦਾ ਇੱਕ ਹੋਰ ਮਕਸਦ ਲੱਭੋ।

**2.** ਆਪਣੇ ਸਹਿਕਰਮੀਆਂ ਨਾਲ ਮਿਲਕੇ ਹਫ਼ਤੇ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਦੀ ਯੋਜਨਾ ਬਣਾਓ:-

ਮੰਡਲੀ ਦੇ ਲੋਕਾਂ ਦੇ ਘਰਾਂ ਵਿੱਚ ਫੇਰੀ ਪਾਉਣ ਦੀਆਂ ਯੋਜਨਾਵਾਂ ਬਣਾਓ। ਦੂਜਿਆਂ ਨੂੰ ਵੀ ਨਾਲ ਲੈ ਕੇ ਜਾਓ, ਤਾਂ ਕਿ ਉਹ ਤੁਹਾਡੀ ਉਦਾਹਰਣ ਤੋਂ ਸਿੱਖ ਸਕਣ। ਕਲੀਸਿਯਾ ਦੇ ਸਦੱਸਾਂ ਦਾ ਸੰਗਠਨ ਕਰੋ, ਤਾਂ ਕਿ ਕਲੀਸਿਯਾ ਵਿੱਚ ਦੂਜੇ ਲੋਕ ਹਰ ਪਰਿਵਾਰਾਂ ਵਿੱਚ ਜਾਂਦੇ ਰਹਿਣ।




ਉਨ੍ਹਾਂ ਲੋਕਾਂ ਕੋਲ ਜਾਣ ਦੀਆਂ ਯੋਜਨਾਵਾਂ ਬਣਾਓ ਜਿਹੜੇ ਬਿਮਾਰ ਹਨ ਅਤੇ ਮੁਸੀਬਤ ਵਿੱਚ ਹਨ, ਤਾਂ ਜੋ ਤੁਸੀਂ ਉਨ੍ਹਾਂ ਲਈ ਪ੍ਰਾਰਥਨਾ ਕਰ ਸਕੋ।

ਉਨ੍ਹਾਂ ਮਿੱਤਰਾਂ ਅਤੇ ਪਰਿਵਾਰ ਦੇ ਸਦੱਸਾਂ ਦੇ ਘਰਾਂ ਵਿੱਚ ਜਾਣ ਦੀਆਂ ਯੋਜਨਾਵਾਂ ਬਣਾਓ, ਜਿਹੜੇ ਯਿਸੂ ਨੂੰ ਨਹੀਂ ਜਾਣਦੇ, ਤਾਂ ਜੋ ਤੁਸੀਂ ਉਨ੍ਹਾਂ ਨੂੰ ਮਸੀਹ ਬਾਰੇ ਦੱਸ ਸਕੋ। ਦੂਜਿਆਂ ਨੂੰ ਆਪਣੇ ਨਾਲ ਲੈ ਕੇ ਜਾਓ, ਜਾਂ ਉਨ੍ਹਾਂ ਦੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਕੋਲ ਉਨ੍ਹਾਂ ਦੇ ਨਾਲ ਜਾਓ, ਤਾਂ ਜੋ ਉਹ ਤੁਹਾਡੀ ਉਦਾਹਰਣ ਤੋਂ ਸਿੱਖ ਸੱਕਣ। ਨਵੇਂ ਵਿਸ਼ਵਾਸੀਆਂ ਨੂੰ ਯਿਸੂ ਬਾਰੇ ਅਤੇ ਜੋ ਉਸਨੇ ਉਨ੍ਹਾਂ ਲਈ ਕੀਤਾ ਹੈ, ਉਸ ਦੀ ਗਵਾਹੀ ਤਿਆਰ ਕਰਨ ਵਿੱਚ ਮਦਦ ਕਰੋ, ਤਾਂ ਜੋ ਉਹ ਉਨ੍ਹਾਂ ਦੀ ਗਵਾਹੀ ਆਪਣੇ ਮਿੱਤਰਾਂ ਅਤੇ ਪਰਿਵਾਰਾਂ ਨੂੰ ਦੱਸ ਸੱਕਣ।

**3.** ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੀ ਅਰਾਧਨਾ ਬਾਰੇ ਯੋਜਨਾ ਬਣਾਓ।

ਅਜਿਹੀਆਂ ਗਤੀਵਿਧਈਆਂ ਚੁਣੋ ਜੋ ਵਰਤਮਾਨ ਲੋੜਾਂ ਅਤੇ ਸਥਾਨਕ ਰੀਤਾਂ ਲਈ ਢੁੱਕਵੀਆਂ ਹਨ।

ਪਤਰਸ ਅਤੇ ਉਸਦੀ ਟੀਮ ਬਾਰੇ, ਕੁਰਨੇਲਿਯੁਸ ਦੇ ਘਰ ਖੁਸ਼ ਖਬਰੀ ਲੈ ਕੇ ਜਾਣ ਬਾਰੇ ਕਹਾਣੀ ਦੱਸੋ ਜਾਂ ਇਸ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

ਉਨ੍ਹਾਂ ਗੱਲਾਂ ਬਾਰੇ ਪ੍ਰਸ਼ਨ ਪੁੱਛੋ, ਜਿਹੜੀਆਂ ਤੁਸੀਂ ਭਾਗ 1 ਵਿੱਚ ਲੱਭੀਆਂ ਹਨ।

ਦੱਸੋ :

- ਸਾਨੂੰ ਇੱਕ ਦੂਜੇ ਨੂੰ ਉਤਸਾਹਿਤ ਕਰਨ ਲਈ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰਨ ਵਾਸਤੇ, ਇੱਕ ਦੂਜੇ ਦੇ ਘਰਾਂ ਵਿੱਚ ਜਾਣਾ ਚਾਹੀਦਾ ਹੈ।
- ਸਾਨੂੰ ਆਮ ਤੌਰ ਤੇ ਇਕੱਲੇ ਨਹੀਂ, ਪਰ ਦੋ ਦੋ ਕਰਕੇ ਜਾਂ ਸਮੂਹਾਂ ਵਿੱਚ ਜਾਣਾ ਚਾਹੀਦਾ ਹੈ।
- ਵਾਧੂ ਗੱਲਾਂ ਤੋਂ ਬਚਣ ਲਈ, ਆਦਮੀ ਨੂੰ ਘਰ ਵਿੱਚ ਇਕੱਲੀ ਔਰਤ ਕੋਲ ਇਕੱਲਿਆਂ ਨਹੀਂ ਜਾਣਾ ਚਾਹੀਦਾ।

ਪਤਰਸ ਦੂਜੇ ਵਿਸ਼ਵਾਸੀਆਂ ਕੋਲ ਉਨ੍ਹਾਂ ਨੂੰ ਉਤਸਾਹਿਤ ਕਰਨ ਅਤੇ ਬਿਮਾਰ ਲੋਕਾਂ ਲਈ ਪ੍ਰਾਰਥਨਾ ਕਰਨ ਵਾਸਤੇ ਗਿਆ। ਪਰਮੇਸ਼ੁਰ ਨੇ ਉਸਨੂੰ ਮਸੀਹ ਵਿੱਚ ਇੱਕ ਭੈਣ ਨੂੰ ਮੁਰਦਿਆਂ ਵਿੱਚੋਂ ਜਿਵਾਉਣ ਲਈ ਇਸਤੇਮਾਲ ਕੀਤਾ।

ਸਾਨੂੰ ਵੀ ਉਨ੍ਹਾਂ ਲੋਕਾਂ ਦੇ ਘਰਾਂ ਵਿੱਚ ਜਾਣਾ ਚਾਹੀਦਾ ਹੈ, ਜਿਵੇਂ ਪਤਰਸ ਕੁਰਨੇਲਿਯੁਸ ਦੇ ਘਰ ਗਿਆ ਸੀ। ਪਤਰਸ ਨੇ ਕੁਰਨੇਲਿਯੁਸ ਨੂੰ ਯਿਸੂ ਬਾਰੇ ਸਰਲ ਸੰਦੇਸ਼ ਦਿੱਤਾ। ਅਸੀਂ ਵੀ ਇਸੇ ਸੰਦੇਸ਼ ਦਾ ਪ੍ਰਯੋਗ ਕਰ ਸਕਦੇ ਹਾਂ, ਜਦੋਂ ਅਸੀਂ ਉਨ੍ਹਾਂ ਲੋਕਾਂ ਦੇ ਘਰਾਂ ਵਿੱਚ ਜਾਂਦੇ ਹਾਂ, ਜਿਹੜੇ ਯਿਸੂ ਨੂੰ ਨਹੀਂ ਜਾਣਦੇ।

ਇਹ ਕੁਝ ਮਹੱਤਵਪੂਰਨ ਗੱਲਾਂ ਹਨ ਜੋ ਪਤਰਸ ਨੇ ਯਿਸੂ ਬਾਰੇ ਕਹੀਆਂ :

ੳ) ਪਰਮੇਸ਼ੁਰ ਚਾਹੁੰਦਾ ਹੈ ਕੀ ਸਾਰੇ ਲੋਕ ਉਸਨੂੰ ਜਾਣਨ ਅਤੇ ਬਚਣ। ਆਇਤ 34-36

ਅ) ਪਰਮੇਸ਼ੁਰ ਨੇ ਬਿਮਾਰ ਲੋਕਾਂ ਨੂੰ ਚੰਗਾ ਕਰਨ, ਅਤੇ ਉਨ੍ਹਾਂ ਲੋਕਾਂ ਨੂੰ ਚੰਗਾ ਕਰਨ ਜਿਹੜੇ ਸ਼ੈਤਾਨ ਦੁਆਰਾ ਦਬਾਏ ਗਏ ਸਨ, ਪਵਿੱਤਰ ਆਤਮਾ ਅਤੇ ਸ਼ਕਤੀ ਨਾਲ ਯਿਸੂ ਨੂੰ ਮਸਹ ਕੀਤਾ। ਆਇਤ 37-38

ੲ) ਲੋਕਾਂ ਨੇ ਯਿਸੂ ਦੇ ਜੀ ਉੱਠਣ ਤੋਂ ਬਾਅਦ ਉਸਦੀ ਮੌਤ, ਉਸਦੇ ਦਫ਼ਨਾਉਣ ਅਤੇ ਉਸਦੇ ਪ੍ਰਗਟ ਹੋਣ ਦੀ ਗਵਾਹੀ ਦਿੱਤੀ। ਆਇਤ 39-41

ਸ) ਜਿਵੇਂ ਬਹੁਤ ਸਮੇਂ ਪਹਿਲਾਂ ਨਬੀਆਂ ਨੇ ਭਵਿੱਖਬਾਣੀ ਕੀਤੀ ਸੀ, ਯਿਸੂ ਸਾਨੂੰ ਆਪਣੇ ਨਾਮ ਦੁਆਰਾ ਪਾਪਾਂ ਦੀ ਮਾਫ਼ੀ ਦੇਵੇਗਾ। ਆਇਤ 43

ਹ) ਯਿਸੂ ਸਾਨੂੰ ਹਰ ਇੱਕ ਨਾਲ, ਇਸ ਖੁਸ਼ਖ਼ਬਰੀ ਨੂੰ ਵੰਡਣ ਦਾ ਹੁਕਮ ਦੇਂਦਾ ਹੈ। ਆਇਤ 42

**1 ਪਤਰਸ 4:8-9** ਪੜ੍ਹੋ। ਦੱਸੋ ਕਿ ਪਰਮੇਸ਼ੁਰ ਉਨ੍ਹਾਂ ਨੂੰ ਬਰਕਤ ਦੇਂਦਾ ਹੈ, ਜਿਹੜੇ ਪ੍ਰਾਹੁਣਚਾਰੀ ਦਾ ਅਭਿਆਸ ਕਰਦੇ ਹਨ।



ਪ੍ਰਭੂ ਭੋਜ ਸ਼ੁਰੂ ਕਰਨ ਲਈ ਲੂਕਾ 7:36-50 ਵਿੱਚੋਂ ਉਸ ਔਰਤ ਬਾਰੇ ਪੜ੍ਹੋ, ਜਿਸਨੇ ਆਪਣੇ ਹੰਝੂਆਂ ਨਾਲ ਯਿਸੂ ਦੇ ਪੈਰਾਂ ਨੂੰ ਧੋਤਾ। ਦੱਸੋ ਕਿ ਜਦੋਂ ਅਸੀਂ ਯਿਸੂ ਦੀ ਹਜ਼ੂਰੀ ਵਿੱਚ ਆਉਂਦੇ ਹਾਂ, ਪਵਿੱਤਰ ਆਤਮਾ ਸਾਨੂੰ, ਸਾਡੇ ਪਾਪਾਂ ਬਾਰੇ ਕਾਇਲ ਕਰਦਾ ਹੈ। ਸਾਨੂੰ ਆਪਣੇ ਪਾਪਾਂ ਦਾ ਇਕਰਾਰ ਕਰਨ ਅਤੇ ਪਰਮੇਸ਼ੁਰ ਦੀ ਮਾਫ਼ੀ ਕਿੰਨੀ ਮਹਾਨ ਹੈ, ਯਾਦ ਕਰਨ ਲਈ ਸਮਾਂ ਕੱਢਣਾ ਚਾਹੀਦਾ ਹੈ। ਜਿੰਨਾ ਜਿਆਦਾ ਅਸੀਂ ਆਪਣੇ ਆਪ ਨੂੰ ਸਮਝਾਂਗੇ, ਓਨਾ ਜਿਆਦਾ ਹੀ ਅਸੀਂ ਉਸਦੀ ਮਹਾਨ ਦਯਾ ਲਈ ਧੰਨਵਾਦ ਅਤੇ ਪਿਆਰ ਨੂੰ ਮਹਿਸੂਸ ਕਰਾਂਗੇ।

**ਬੱਚਿਆਂ** ਨੂੰ ਨਾਟਕ, ਕਵਿਤਾ ਅਤੇ ਪ੍ਰਸ਼ਨ ਜੋ ਉਨ੍ਹਾਂ ਤਿਆਰ ਕੀਤੇ ਹਨ, ਪੇਸ਼ ਕਰਨ ਦਿਓ।

ਵਿਸ਼ਵਾਸੀਆਂ ਨੂੰ ਕਿਵੇਂ ਪਰਮੇਸ਼ੁਰ ਨੇ ਦੂਜੇ ਲੋਕਾਂ ਦੀ ਸੇਵਾ ਕਰਨ ਲਈ, ਉਨ੍ਹਾਂ ਦੇ ਘਰਾਂ ਵਿੱਚ ਇਸਤੇਮਾਲ ਕੀਤਾ ਅਤੇ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਰਕਤ ਦਿੱਤੀ, ਜਦੋਂ ਉਨ੍ਹਾਂ ਦੂਜੇ ਵਿਸ਼ਵਾਸੀਆਂ ਦੀ ਪ੍ਰਾਹੁਣਚਾਰੀ ਕੀਤੀ, ਬਾਰੇ ਗਵਾਹੀਆਂ ਅਤੇ ਰਿਪੋਰਟ ਦੇਣ ਲਈ ਕਹੋ।

ਪ੍ਰਾਰਥਨਾ ਕਰਨ ਲਈ, ਅਤੇ ਇੱਕ ਦੂਜੇ ਨੂੰ ਸਲਾਹ ਦੇਣ ਲਈ ਅਤੇ ਇੱਕ ਦੂਜੇ ਦੇ ਘਰਾਂ ਵਿੱਚ ਜਾਣ ਅਤੇ ਗ਼ੈਰ-ਵਿਸ਼ਵਾਸੀਆਂ ਦੇ ਘਰਾਂ ਵਿੱਚ ਜਾਣ ਦੀਆਂ ਯੋਜਨਾਵਾਂ ਦੀ ਪੁਸ਼ਟੀ ਕਰਨ ਲਈ, ਦੋ ਜਾਂ ਤਿੰਨ ਲੋਕਾਂ ਦੇ ਸਮੂਹ ਬਣਾਓ।

ਇਕੱਠੇ ਮਿਲਕੇ ਯੂਹੰਨਾ 1:14 ਯਾਦ ਕਰੋ।

Copyright © 2003 by Paul-Timothy trainers. Download Paul-Timothy studies freely from www.Paul-Timothy.net.